# ਭਾਈ ਸਾਹਿਬ ਭਾਈ ਵੀਰ ਸਿੰਘ ਜੀ 45ਵਾਂ ਸਚਖੰਡ ਪਿਆਨਾ ਦਿਵਸ ਮਨਾਇਆ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ 45ਵਾਂ ਸਚਖੰਡ ਪਿਆਨਾ ਦਿਵਸ ਭਾਈ ਵੀਰ ਸਿੰਘ ਸਾਹਿਤ ਸਦਨ ਵਿਖੇ 10 ਜੂਨ 2002 ਨੂੰ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। 5 ਜੂਨ ਨੂੰ ਸਹਿਜ ਪਾਠ ਦੀ ਆਰੰਭਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਦਿਆ ਕੇਂਦਰ ਮਹਿਰੌਲੀ ਦੇ ਵਿਦਿਆਰਥੀਆਂ ਨੇ ਕੀਤੀ ਜਿਸ ਦਾ ਭੋਗ 10 ਜੂਨ ਨੂੰ ਸਵੇਰੇ ਪਾਇਆ ਗਿਆ। ਭਾਈ ਹਰਜੀਤ ਸਿੰਘ ਗੁਰਦੀਪ ਸਿੰਘ ਜੀ ਦੇ ਰਾਗੀ ਜੱਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਰਦਾਰਨੀ ਤਰਨਜੀਤ ਕੌਰ ਨੇ ਕਵਿਤਾ ਅਤੇ ਸ੍ਰ: ਨਰਿੰਦਰਪਾਲ ਸਿੰਘ ਅਤੇ ਸਰਦਾਰਨੀ ਹਰਬੰਸ ਕੌਰ ਨੇ ਭਾਈ ਸਾਹਿਬ ਜੀ ਦਾ ਸੰਦੇਸ਼ ਸੰਗਤਾਂ ਨੂੰ ਸਰਵਣ ਕਰਾਇਆ। ਸ੍ਰ: ਮਹਿੰਦਰ ਸਿੰਘ ਸਾਥੀ ਵਿੱਤ ਮੰਤਰੀ, ਦਿਲੀ ਸਰਕਾਰ ਨੇ ਭਾਈ ਵੀਰ ਸਿੰਘ ਸਾਹਿਤ ਸਦਨ ਦੀਆਂ ਪ੍ਰਕਾਸ਼ਨਾਵਾਂ ਦਾ ਵਿਮੋਚਨ ਕੀਤਾ ਅਤੇ ਇਸ ਮੌਕੇ 'ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖਿਆ ਕਿ ਉਨ੍ਹਾਂ ਦੀਆਂ ਰਚਨਾਵਾਂ ਸਾਡੇ ਲਈ ਮਾਰਗ ਦਰਸ਼ਕ ਹਨ ਅਤੇ ਇਨ੍ਹਾਂ ਪੁਸਤਕਾਂ ਨੂੰ ਘਰ-ਘਰ ਪਹੁੰਚਾਣ ਲਈ ਵੱਧ ਤੋਂ ਵੱਧ ਉਪਰਾਲੇ ਹੋਣੇ ਚਾਹੀਦੇ ਹਨ। ਵਿੱਤ ਮੰਤਰੀ ਨੇ ਸਾਹਿਤ ਸਦਨ ਦੇ ਪ੍ਰਬੰਧਕਾਂ ਦੀ ਪ੍ਰਸੰਸਾ ਕਰਦਿਆਂ ਆਸ ਪ੍ਰਗਟ ਕੀਤੀ ਕਿ ਡਾ: ਮਨਮੋਹਨ ਸਿੰਘ ਜੀ ਦੀ ਅਗੁਵਾਈ ਵਿੱਚ ਸਾਹਿਤ ਸਦਨ ਭਾਈ ਸਾਹਿਬ ਜੀ ਦੇ ਅਨਮੋਲ ਸਾਹਿਤ ਨੂੰ ਆਮ ਵਿਅਕਤੀ ਤੱਕ ਪਹੁੰਚਾਣ 'ਚ ਸਫ਼ਲ ਹੋਵੇਗਾ। ਵਰਨਣਯੋਗ ਹੈ ਕਿ ਇਸ ਮੌਕੇ 'ਤੇ ਸਾਹਿਤ ਸਦਨ ਦੇ ਪ੍ਰਧਾਨ ਤੇ ਸਾਬਕਾ ਵਿਤ ਮੰਤਰੀ ਡਾ: ਮਨਮੋਹਨ ਸਿੰਘ ਨੇ ਸ੍ਰ: ਮਹਿੰਦਰ ਸਿੰਘ ਸਾਥੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਨਾਲ ਸਨਮਾਨਿਤ ਕੀਤਾ। ਸਦਨ ਦੇ ਜਨਰਲ ਸਕੱਤਰ ਡਾ: ਜਸਵੰਤ ਸਿੰਘ ਨੇਕੀ ਨੇ 'ਸਿੱਖ ਰਹੱਸਵਾਦ ਅਤੇ ਭਾਈ ਵੀਰ ਸਿੰਘ' ਵਿਸ਼ੇ 'ਤੇ ਵਿਸਥਾਰ ਸਹਿਤ ਚਰਚਾ ਕੀਤੀ।